# ਲੋਕ-ਸ਼ਾਹੀ ਲਈ ਲੜਾਈ

ਅਮਰੀਕਾ ਦੀ ਵਿਸਕਾਨਸਨ ਸਟੇਟ ਦੇ ਗਵਰਨਰ ਸਕਾਟ ਵਾਲਕਰ ਨੇ ਇਕ ਨਵਾਂ ਸ਼ਗੂਫਾ ਛੱਡਦਿਆਂ ਹੁਕਮ ਜਾਰੀ ਕੀਤਾ ਹੈ ਕਿ ਗਵਰਨਰ ਵਿਸਕਾਨਸਨ ਦੇ ਕਿਸੇ ਵੀ ਸ਼ਹਿਰ ਅਤੇ ਕਸਬੇ ਦੀ ਨਗਰਪਾਲਕਾ ਨੂੰ ਭੰਗ ਕਰ ਸਕਦਾ ਹੈ ਅਤੇ ਚੁਣੇ ਹੋਏ ਕੌਂਸਲਰਾਂ ਦੀ ਥਾਂ ਤੇ ਕਿਸੇ ਨੂੰ ਵੀ ਸ਼ਹਿਰ ਦਾ ਐਡਮੀਨੀਸਟਰੇਟਰ ਬਣਾ ਸਕਦਾ ਹੈ। ਇਸੇ ਤਰ੍ਹਾਂ ਮਿਸ਼ੀਗਨ ਸਟੇਟ ਦੇ ਗਵਰਨਰ ਨੇ ਵੀ ਪਿਛਲੇ ਦਿਨੀਂ ਇਕ ਇਹੋ ਜਿਹਾ ਹੀ ਕਾਨੂੰਨ ਪਾਸ ਕੀਤਾ ਹੈ। ਉਸਨੇ ਤਾਂ ਇਕ ਸ਼ਹਿਰ ਇਕ ਨਿਜੀ ਕੰਪਨੀ ਦੇ ਹਵਾਲੇ ਕਰ ਦਿਤਾ ਹੈ ਕਿ ਇਹ ਕੰਪਨੀ ਇਸ ਸ਼ਹਿਰ ਦਾ ਬੰਦੋਬਸਤ ਕਰੇਗੀ। ਸ਼ਹਿਰ ਦਾ ਇੰਤਜ਼ਾਮ ਸੰਭਾਲਦੇ ਹੀ ਇਸ ਕੰਪਨੀ ਨੇ ਸ਼ਹਿਰ ਦੇ ਸਕੂਲਾਂ ਵਿਚ ਪੜ੍ਹਾਉਣ ਵਾਲੇ ਤਿੰਨ ਹਜ਼ਾਰ ਟੀਚਰਾਂ ਨੂੰ ਨੋਟਿਸ ਦੇ ਦਿਤਾ ਹੈ।

ਇਸ ਤਰ੍ਹਾਂ ਲਗਦਾ ਹੈ ਕਿ ਅਮਰੀਕਾ ਦਾ ਹਾਕਮ ਟੋਲਾ ਲੋਕਾਂ ਨੂੰ ਅਠ੍ਹਾਰਵੀਂ ਅਤੇ ਉਨੀਵੀਂ ਸਦੀ ਦੇ ਦਿਨਾਂ ਵਿਚ ਵਾਪਸ ਲਿਜਾਣਾ ਚਾਹੁੰਦਾ ਹੈ। ਉਨ੍ਹਾਂ ਦਿਨਾਂ ਵਿਚ ਕਈ ਸ਼ਹਿਰ ਕੰਪਨੀ ਟਾਉਨ ਹੁੰਦੇ ਸੀ। ਇਨ੍ਹਾਂ ਸ਼ਹਿਰਾਂ ਵਿਚ ਸ਼ਹਿਰ ਦੀ ਵੱਡੀ ਕੰਪਨੀ ਸ਼ਹਿਰ ਦਾ ਸਾਰਾ ਬੰਦੋਬਸਤ ਕਰਦੀ ਹੁੰਦੀ ਸੀ। ਸ਼ਹਿਰ ਦਾ ਹਰ ਫੈਸਲਾ ਕੰਪਨੀ ਦੇ ਮਾਲਕਾਂ ਦੀ ਮਰਜ਼ੀ ਤੇ ਨਿਰਭਰ ਕਰਦਾ ਸੀ। ਲੋਕਾਂ ਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਸੀ ਹੁੰਦਾ ਸੀ ਅਤੇ ਉਨ੍ਹਾਂ ਨੂੰ ਫੈਸਲੇ ਲੈਣ ਦਾ ਹੱਕ ਨਹੀਂ ਸੀ।

ਅਮਰੀਕਾ ਵਿਚ ਜਮਹੂਰੀਅਤ ਅਤੇ ਹੱਕਾਂ ਦੇ ਘੋਲ ਵਿਚ ਕੰਪਨੀ ਟਾਉਨਾਂ ਦੇ ਖ਼ਿਲਾਫ਼ ਜਦੋਜਹਿਦ ਵੀ ਇਕ ਅਹਿਮ ਜਦੋਜਹਿਦ ਸੀ। ਲਗਦਾ ਹੈ ਕਿ ਇੱਕੀਵੀਂ ਸਦੀ ਵਿਚ ਲੋਕਾਂ ਨੂੰ ਇਹ ਘੋਲ ਇਕ ਬਾਰ ਫਿਰ ਲੜਨਾ ਪੈਣਾ ਹੈ। ਵਿਸਕਾਨਸਨ, ਮਿਸ਼ੀਗਨ ਵਗੈਰਾ ਸਟੇਟਾਂ ਵਿਚ ਹਾਕਮ ਟੋਲਾ ਕੰਪਨੀ ਟਾਉਨਾਂ ਦੇ ਹਾਲਾਤ ਬਣਾ ਕੇ ਲੋਕਾਂ ਦੇ ਜਿਤੇ ਹੋਏ ਹੱਕਾਂ ਤੇ ਹਮਲੇ ਕਰ ਰਿਹਾ ਹੈ। ਵਿਸਕਾਨਸਨ ਅਤੇ ਹੋਰਨਾਂ ਸਟੇਟਾਂ ਦੇ ਲੋਕ ਆਪਣੇ ਹੱਕਾਂ ਤੇ ਹਮਲਿਆਂ ਦੇ ਖ਼ਿਲਾਫ਼ ਘੋਲ ਤੇਜ਼ ਕਰ ਰਹੇ ਹਨ।

ਅਮਰੀਕਾ ਅਤੇ ਦੁਨੀਆਂ ਦੇ ਹੋਰਨਾਂ ਮੁਲਕਾਂ ਵਿਚ ਵੀ ਜਮਹਰੀਅਤ ਲਈ ਲੜਾਈ ਤੇਜ਼ ਹੋ ਰਹੀ ਹੈ। ਇਹ ਲੜਾਈ ਅਠਾਰਵੀਂ ਸਦੀ ਦੀ ਲਿਬਰਲ ਜਮਹੂਰੀਅਤ ਲਈ ਨਹੀਂ ਹੈ। ਲੋਕਾਂ ਦੀ ਇਸ ਲੜਾਈ ਦਾ ਟੀਚਾ ਆਪਣੀ ਕਿਸਮਤ ਦੇ ਫੈਸਲੇ ਆਪ ਕਰਨ ਦਾ ਹੈ। ਲੋਕ ਚਾਹੁੰਦੇ ਹਨ ਕਿ ਜਿਹੜੇ ਫੈਸਲੇ ਉਨ੍ਹਾਂ ਦੀ ਜ਼ਿੰਦਗੀ ਲਈ ਅਹਿਮ ਅਤੇ ਜ਼ਰੂਰੀ ਹਨ ਉਹ ਫੈਸਲੇ ਉਹ ਆਪ ਕਰਨ। ਉਹ ਨਹੀਂ ਚਾਹੁੰਦੇ ਕਿ ਇਹ ਫੈਸਲੇ ਕੋਈ ਸਟੇਟ ਜਾਂ ਸਿਆਸੀ ਪਾਰਟੀ ਕਰੇ ਜਾਂ ਉਨ੍ਹਾਂ ਵਲੋਂ ਚੁਣੇ ਹੋਏ ਨੁਮਾਇੰਦੇ ਕਰਨ।

ਪੁਰਾਣੇ ਸਾਰੇ ਸਿਆਸੀ ਫਾਰਮੂਲੇ ਫੋਕੇ ਅਤੇ ਬੇਕਾਰ ਸਾਬਤ ਹੋ ਗਏ ਹਨ। ਸੋ, ਇਸ ਲੜਾਈ ਦਾ ਇਕ ਅਹਿਮ ਪਹਿਲੂ ਇਹ ਹੈ ਕਿ ਲੋਕ ਕਿਸੇ ਵਿਚਾਰਧਾਰਾ ਜਾਂ ਆਈਡੀਲੋਜੀ ਲਈ ਨਹੀਂ ਲੜ ਰਹੇ ਬਲਕਿ ਉਹ ਆਪਣੇ ਫੈਸਲੇ ਕਰਨ ਦੇ ਹੱਕ ਦੀ ਤਸਲੀਮ ਚਾਹੁੰਦੇ ਹਨ ਅਤੇ ਇਸ ਹੱਕ ਨਾਲ ਐਸੇ ਹਾਲਾਤ ਕਾਇਮ ਕਰਨਾ ਚਾਹੁੰਦੇ ਹਨ ਜਿਸ ਨਾਲ ਉਨ੍ਹਾਂ ਦੀ ਜਿਸਮਾਨੀ ਅਤੇ ਰੁਹਾਨੀ ਪ੍ਰੱਫੁਲਤਾ ਵਿਚ ਸਹੂਲੀਅਤ ਹੋ ਸਕੇ।
ਇਸ ਲੜਾਈ ਵਿਚ ਨਵੇਂ ਫੈਸਲੇ ਕਰਨ ਦੇ ਨਵੇਂ ਤਰੀਕੇ ਵੀ ਲੋਕ ਇਜਾਦ ਕਰ ਰਹੇ ਹਨ। ਮਿਸਾਲ ਦੇ ਤੌਰ ਤੇ ਵਿਸਕਾਨਸਨ ਵਿਚ ਲੋਕਾਂ ਦੀਆਂ ਆਪਣੀਆਂ ਕੌਂਸਲਾਂ ਵਿਚ ਲੋਕਾਂ ਨੇ ਇਸ ਘੋਲ ਦੇ ਸਾਰੇ ਅਹਿਮ ਫੈਸਲੇ ਆਪ ਹੀ ਕੀਤੇ ਹਨ। ਇਹ ਭਵਿਖ ਲਈ ਬਹੁਤ ਲਾਹੇਵੰਦ ਹੋਣਗੇ।

ਵਿਸਕਾਨਸਨ ਅਤੇ ਹੋਰਨਾਂ ਥਾਵਾਂ ਵਿਚ ਲੋਕ ਇਸ ਮਸਲੇ ਤੇ ਵੀ ਗੌਰ ਕਰ ਰਹੇ ਹਨ ਕਿ ਉਨ੍ਹਾਂ ਦੇ ਚੁਣੇ ਹੋਏ ਨੁਮਾਇੰਦੇ ਉਨ੍ਹਾਂ ਦੇ ਹੀ ਹੱਕਾਂ ਤੇ ਸੱਟ ਮਾਰਨ ਦੇ ਫੈਸਲੇ ਕਰ ਰਹੇ ਹਨ ਅਤੇ ਉਹ ਕੁਝ ਵੀ ਨਹੀਂ ਕਰ ਸਕਦੇ। ਗਵਰਨਰ ਦਲੀਲ ਦਿੰਦਾ ਹੈ ਕਿ ਉਸਨੂੰ ਲੋਕਾਂ ਨੇ ਚੁਣਿਆ ਹੈ ਇਸ ਲਈ ਉਸ ਨੂੰ ਇਹ ਫੈਸਲੇ ਕਰਨ ਦਾ ਹੱਕ ਹੈ। ਦੁਨੀਆ ਦੇ ਹੋਰਨਾਂ ਮੁਲਕਾਂ ਵਿਚ ਵੀ ਲਿਬਰਲ ਡੈਮੋਕ੍ਰੇਸੀ ਦੇ ਪੈਰੋਕਾਰ ਇਹੋ ਦਲੀਲ ਹੀ ਦਿੰਦੇ ਹਨ। ਵਿਸਕਾਨਸਨ ਦੇ ਲੋਕ ਹੁਣ ਗਵਰਨਰ ਨੂੰ ਰੀਕਾਲ ਕਰਨ ਦੀ ਮੁਹਿੰਮ ਵੀ ਚਲਾ ਰਹੇ ਹਨ।

ਜਮਹੂਰੀਅਤ ਦੀ ਇਹ ਲੜਾਈ ਅਮਰੀਕਾ, ਮਿਸਰ, ਅਫ਼ਰੀਕਾ, ਯੁਰੋਪ ਅਤੇ ਲਾਤੀਨੀ ਅਮਰੀਕਾ ਅਤੇ ਏਸ਼ੀਆ ਤੇ ਦੱਖਣੀ ਏਸ਼ੀਆ ਦੇ ਮੁਲਕਾਂ ਵਿਚ ਕਈ ਰੂਪ ਲੈ ਰਹੀ ਹੈ ਤੇ ਕਰੋੜਾਂ ਲੋਕਾਂ ਨੂੰ ਜਾਗ੍ਰਿਤ ਕਰ ਰਹੀ ਹੈ ਜਦਕਿ ਹਾਕਮ ਟੋਲਾ ਭੁਲੇਖੇ, ਤਸ਼ੱਦਦ, ਹੁੱਲੜਬਾਜ਼ੀ ਅਤੇ ਕਤਲੋਗਾਰਤ ਨਾਲ ਇਸ ਘੋਲ ਨੂੰ ਦਬਾਉਣ ਅਤੇ ਗੁਮਰਾਹ ਕਰਨ ਦੀ ਹਰ ਕੋਸ਼ਿਸ਼ ਕਰ ਰਿਹਾ ਹੈ।